# ਗਲਤ ਸਹਾਇਤਾ ਨੁਕਸਾਨ ਕਰ ਸਕਦੀ ਹੈ

## ਇਮੀਗ੍ਰੇਸ਼ਨ ਘਟਾਲਿਆਂ ਤੋਂ ਚੌਕਸ ਰਹੋ

uscis.gov/avoid-scams




### ਤੁਸੀਂ ਭਰੋਸਾ ਕਰਨ ਤੋਂ ਪਹਿਲਾਂ ਜਾਂਚੋ

ਯਕੀਨੀ ਬਣਾਓ ਕਿ ਤੁਹਾਡੇ ਇਮੀਗ੍ਰੇਸ਼ਨ ਦੇ ਮਾਮਲੇ ਵਿੱਚ ਤੁਹਾਡੀ ਮਦਦ ਕਰਨ ਵਾਲਾ ਕੋਈ ਵੀ ਵਿਅਕਤੀ ਮਦਦ ਕਰਨ ਲਈ ਅਧਿਕਾਰਤ ਹੋਵੇ।

### ਮੇਰੇ ਇਮੀਗ੍ਰੇਸ਼ਨ ਦੇ ਮਾਮਲੇ ਵਿੱਚ ਮੇਰੀ ਸਹਾਇਤਾ ਕਰਨ ਲਈ ਕੌਣ ਅਧਿਕਾਰਤ ਹੈ?

1. ਤੁਸੀਂ ਆਪਣੇ ਆਪ ਫਾਰਮਾਂ ਨੂੰ ਮੁਕੰਮਲ ਕਰ ਸਕਦੇ ਹੋ ਅਤੇ ਆਪਣੇ ਆਪ ਨੂੰ USCIS ਦੇ ਸਾਮ੍ਹਣੇ ਪ੍ਰਸਤੁਤ ਕਰ ਸਕਦੇ ਹੋ।
2. ਤੁਸੀਂ ਅਮਰੀਕਾ ਦੇ ਨਿਆਂ ਵਿਭਾਗ ਦੁਆਰਾ ਅਧਿਕਾਰ ਪ੍ਰਾਪਤ ਵਕੀਲ ਜਾਂ ਪ੍ਰਤੀਨਿਧੀ ਵਲੋਂ ਕਨੂੰਨੀ ਸਲਾਹ ਅਤੇ ਹੋਰ ਸਹਾਇਤਾ ਪ੍ਰਾਪਤ ਕਰ ਸਕਦੇ ਹੋ। justice.gov/eoir/recognition-accreditation-roster-reports'ਤੇ ਹੋਰ ਜਾਣੋ।
3. ਮੁਫ਼ਤ ਜਾਂ ਘੱਟ-ਖ਼ਰਚ ਦੀਆਂ ਕਨੂੰਨੀ ਸੇਵਾਵਾਂ ਅਤੇ ਅਧਿਕਾਰਤ ਇਮੀਗ੍ਰੇਸ਼ਨ ਸੇਵਾ ਪ੍ਰਦਾਤਾਵਾਂ ਨੂੰ ਲੱਭਣ ਲਈ, uscis.gov/avoid-scams/find-legal-services 'ਤੇ ਜਾਓ।
4. ਦੂਸਰੇ ਲੋਕ, ਜਿਵੇਂ ਕਿ ਰਿਸ਼ਤੇਦਾਰ, ਦੋਸਤ ਅਤੇ ਦਸਤਾਵੇਜ਼ ਤਿਆਰ ਕਰਨ ਵਾਲੇ, USCIS ਦੇ ਫਾਰਮ ਭਰਨ ਵਿਚ ਤੁਹਾਡੀ ਮਦਦ ਕਰ ਸਕਦੇ ਹਨ। ਪਰ ਉਹ ਤੁਹਾਨੂੰ ਕਨੂੰਨੀ ਸਲਾਹ ਨਹੀਂ ਦੇ ਸਕਦੇ ਅਤੇ ਉਹ ਤੁਹਾਡੇ ਤੋਂ ਕੇਵਲ ਮਾਮੂਲੀ ਜਿਹੀ ਫ਼ੀਸ ਵਸੂਲ ਸਕਦੇ ਹਨ।

### ਕਨੂੰਨੀ ਸਲਾਹ ਵਿੱਚ ਹੇਠ ਲਿਖੀਆਂ ਗੱਲਾਂ ਸ਼ਾਮਲ ਹਨ:

- ਤੁਹਾਡੀ ਇਮੀਗ੍ਰੇਸ਼ਨ ਫਾਰਮਾਂ ਵਿਚਲੇ ਪ੍ਰਸ਼ਨਾਂ ਦਾ ਅਨੁਵਾਦ ਕਰਨ ਵਿੱਚ ਮਦਦ ਕਰਨਾ; ਅਤੇ
- ਤੁਹਾਡੇ ਇਮੀਗ੍ਰੇਸ਼ਨ ਦੇ ਵਿਕਲਪਾਂ ਬਾਰੇ ਸਮਝਾਉਣਾ

### USCIS ਮੇਰੇ ਇਮੀਗ੍ਰੇਸ਼ਨ ਪ੍ਰਸ਼ਨਾਂ ਦੇ ਸੰਬੰਧ ਵਿੱਚ ਮੇਰੀ ਮਦਦ ਕਿਵੇਂ ਕਰ ਸਕਦਾ ਹੈ?

- 1-800-375-5283'ਤੇ USCIS ਗਾਹਕ ਸੇਵਾ ਨੂੰ ਕਾਲ ਕਰੋ (ਵਿਕਲਾਂਗ ਗਾਹਕਾਂ ਲਈ ਜਿਨ੍ਹਾਂ ਨੂੰ ਰਿਹਾਇਸ਼ ਦੀ ਜ਼ਰੂਰਤ ਹੈ:TTY/ASCII: 1-800-877-8339,ਵਾਇਸ: 1-866-377-8642);
- uscis.gov/Emma'ਤੇਐਮਾ ਨੂੰ ਪੁੱਛੋ, USCIS ਦੀ ਯਥਾਰਥਕ ਸਹਾਇਕ;
- uscis.gov/outreach; 'ਤੇ ਇੱਕ ਆਗਾਮੀ ਈਵੈਂਟ ਬਾਰੇ ਪਤਾ ਕਰੋ; ਜਾਂ
- my.uscis.gov/appointment 'ਤੇ ਇੱਕ ਖੇਤਰੀ ਦਫਤਰ ਵਿੱਚ ਮੁਲਾਕਾਤ ਦਾ ਸਮਾਂ ਨਿਯਤ ਕਰੋ।

## ਦੂਜਿਆਂ ਦੀ ਰੱਖਿਆ ਕਰੋ, ਇਮੀਗ੍ਰੇਸ਼ਨ ਘਟਾਲਿਆਂ ਦੀ ਰਿਪੋਰਟ ਕਰੋ!

### ਕੀ ਤੁਸੀਂ ਕਿਸੇ ਇਮੀਗ੍ਰੇਸ਼ਨ ਘਟਾਲੇ ਬਾਰੇ ਜਾਣਦੇ ਹੋ?

1.usa.gov/1suOHSS'ਤੇ ਫੈਡਰਲ ਟਰੇਡ ਕਮਿਸ਼ਨ ਨੂੰ ਸੂਚਿਤ ਕਰੋ ਜਾਂ 1-877-382-4357 'ਤੇ ਕਾਲ ਕਰੋ। ਤੁਸੀਂ ਅੰਗਰੇਜ਼ੀ ਜਾਂ ਸਪੈਨਿਸ਼ ਵਿਚ ਇਕ ਬੇਨਾਮ ਰਿਪੋਰਟ ਕਰ ਸਕਦੇ ਹੋ। ਤੁਸੀਂ ਉਚਿਤ ਸਟੇਟ ਏਜੰਸੀ ਨੂੰ ਇਮੀਗ੍ਰੇਸ਼ਨ ਦੇ ਘਟਾਲਿਆਂ ਦੀ ਰਿਪੋਰਟ ਵੀ ਕਰ ਸਕਦੇ ਹੋ। uscis.gov/avoid-scams/report-scams 'ਤੇ ਹੋਰ ਜਾਣੋ।

ਇਮੀਗ੍ਰੇਸ਼ਨ ਘਟਾਲਿਆਂ ਤੋਂ ਆਪਣੀ ਅਤੇ ਆਪਣੇ ਪਰਿਵਾਰ ਦੀ ਰੱਖਿਆ ਕਰੋ। uscis.gov/avoid-scams 'ਤੇ ਤੱਥਾਂ ਨੂੰ ਜਾਣੋ ਅਤੇ ਕਨੂੰਨੀ ਸਹਾਇਤਾ ਪ੍ਰਾਪਤ ਕਰੋ।

### ਆਮ ਸੂਝ ਤੁਹਾਡੀ ਸਰਵੋਤਮ ਰੱਖਿਆ ਹੈ

ਕੁਝ ਕਾਰੋਬਾਰ ਅਤੇ ਵੈੱਬਸਾਈਟਾਂ ਇਮੀਗ੍ਰੇਸ਼ਨ ਮਾਹਰ ਹੋਣ ਦਾ ਦਾਅਵਾ ਕਰਦੀਆਂ ਹਨ ਜਾਂ ਕਹਿੰਦੀਆਂ ਹਨ ਕਿ ਉਨ੍ਹਾਂ ਦੇ ਸਰਕਾਰ ਨਾਲ ਵਿਸ਼ੇਸ਼ ਸੰਬੰਧ ਹਨ। ਹਮੇਸ਼ਾ ਸਰਕਾਰੀ USCIS ਵੈੱਬਸਾਈਟ, uscis.gov 'ਤੇ ਜਾਓ, ਅਤੇ ਨਕਲੀ ਵੈੱਬਸਾਈਟ 'ਤੇ ਨਹੀਂ। uscis.gov/avoid-scams/common-scams 'ਤੇ ਘਟਾਲਿਆਂ ਬਾਰੇ ਸਿੱਖ ਕੇ ਘਟਾਲੇ ਨੂੰ ਪਛਾਣਨਾ ਸਿੱਖੋ।

ਜੇ ਤੁਸੀਂ ਕੋਈ ਅਜਿਹਾ ਈ-ਮੇਲ ਪ੍ਰਾਪਤ ਕਰਦੇ ਹੋ ਜੋ ਤੁਹਾਨੂੰ ਲੱਗਦਾ ਹੈ ਕਿ ਇਹ ਘੋਟਾਲਾ ਹੈ, ਤਾਂ ਇਸ ਨੂੰ USCIS.Webmaster@uscis.dhs.gov.ਨੂੰ ਭੇਜੋ।

## ਯਾਦ ਰੱਖਣ ਲਈ ਸੁਝਾਅ

### ਹਮੇਸ਼ਾ...

- uscis.gov ਜਾਂ state.gov ਤੋਂ ਸ਼ੁਰੂ ਹੋਣ ਵਾਲੀ ਅਮਰੀਕੀ ਸਰਕਾਰ ਤੋਂ ਇਮੀਗ੍ਰੇਸ਼ਨ ਜਾਣਕਾਰੀ ਪ੍ਰਾਪਤ ਕਰੋ।
- ਇਸ ਦੀ ਜਾਂਚ ਕਰੋ ਕਿ ਤੁਹਾਡੀ ਮਦਦ ਕਰਨ ਵਾਲਾ ਵਿਅਕਤੀ ਵਕੀਲ ਜਾਂ ਅਧਿਕਾਰ ਪ੍ਰਾਪਤ ਪ੍ਰਤਿਨਿਧੀ ਹੈ।
- ਜੇਕਰ ਤੁਸੀਂ ਤੁਹਾਡੀ ਮਦਦ ਕਰਨ ਲਈ ਕਿਸੇ ਨੂੰ ਭੁਗਤਾਨ ਕਰਦੇ ਹੋ ਤਾਂ ਇੱਕ ਰਸੀਦ ਪ੍ਰਾਪਤ ਕਰੋ।
- ਤੁਹਾਡੇ ਲਈ ਤਿਆਰ ਕੀਤੇ ਫਾਰਮਾਂ ਦੀ ਫੋਟੋਕਾਪੀਆਂ ਪ੍ਰਾਪਤ ਕਰੋ।
- USCIS ਦੇ ਸਾਰੇ ਪੱਤਰ ਅਤੇ ਨੋਟਿਸ ਇੱਕ ਸੁਰੱਖਿਅਤ ਜਗ੍ਹਾ 'ਤੇ ਰੱਖੋ।
- uscis.gov/tools 'ਤੇ ਸਵੈ-ਸਹਾਇਤਾ ਸਾਧਨਾਂ ਨਾਲ ਆਪਣੇ ਕੇਸ ਦਾ ਪ੍ਰਬੰਧ ਕਰੋ।
- ਤੁਰੰਤ ਇਮੀਗ੍ਰੇਸ਼ਨ ਘਟਾਲਿਆਂ ਦੀ ਰਿਪੋਰਟ ਕਰੋ:uscis.gov/avoid-scams/report-scams.

### ਕਦੇ ਵੀ...

- ਇਮੀਗ੍ਰੇਸ਼ਨ ਫਾਰਮਾਂ ਲਈ ਭੁਗਤਾਨ ਨਾ ਕਰੋ। ਤੁਸੀਂ uscis.gov/forms 'ਤੇ ਜਾਂ 1-800-870-3676 'ਤੇ ਕਾਲ ਕਰਕੇ, ਜਾਂ ਆਪਣੇ ਸਥਾਨਕ USCIS ਦਫ਼ਤਰ ਵਿਖੇ, ਮੁਫ਼ਤ ਵਿੱਚ ਫਾਰਮ ਪ੍ਰਾਪਤ ਕਰ ਸਕਦੇ ਹੋ।
- ਇੱਕ ਖਾਲੀ ਫਾਰਮ ਤੇ ਦਸਤਖਤ ਨਾ ਕਰੋ। ਇਹ ਯਕੀਨੀ ਬਣਾਓ ਕਿ ਤੁਹਾਡੇ ਦੁਆਰਾ ਸਾਈਨ ਕਰਨ ਤੋਂ ਪਹਿਲਾਂ ਸਾਰੇ ਫਾਰਮ ਮੁਕੰਮਲ ਹਨ।
- ਉਨ੍ਹਾਂ ਫਾਰਮਾਂ ਤੇ ਦਸਖ਼ਤ ਨਾ ਕਰੋ ਜਿਨ੍ਹਾਂ 'ਤੇਗਲਤ ਜਾਣਕਾਰੀ ਹੋਵੇ।
- ਆਪਣੀ ਅਰਜ਼ੀ ਦੀ ਪੁਸ਼ਟੀ ਕਰਨ ਲਈਸਬੂਤ ਵਜੋਂ ਅਸਲ ਦਸਤਾਵੇਜ਼ ਨਾ ਭੇਜੋ ਜਦ ਤੱਕ USCIS ਅਸਲ ਦਸਤਾਵੇਜ਼ਾਂ ਲਈ ਨਹੀਂ ਪੁੱਛਦਾ।

### ਇਮੀਗ੍ਰੇਸ਼ਨ ਮਦਦ ਲਈ ਤਲਾਸ਼ ਕਰਦੇ ਸਮੇਂ, ਯਾਦ ਰੱਖੋ: ਗਲਤ ਸਹਾਇਤਾ ਨੁਕਸਾਨ ਕਰ ਸਕਦੀ ਹੈ!

uscis.gov/avoid-scams'ਤੇਤੱਥਾਂ ਨੂੰ ਜਾਣੋ ਅਤੇਕਨੂੰਨੀ ਸਹਾਇਤਾ ਪ੍ਰਾਪਤ ਕਰੋ।


U.S. Citizenship and Immigration Services

M-712 (09/17) N